British Columbia's
Office of the Human Rights
Commissioner

# ਆਪਣੀਆਂ ਜੜ੍ਹਾਂ ਨੂੰ ਮਜ਼ਬੂਤ ਕਰਨਾ: ਭਾਈਚਾਰੇ ਵਿੱਚ ਵਧਣਾ

## ਸਾਲਾਨਾ ਰਿਪੋਰਟ 2021/22 ਅਤੇ ਸੇਵਾ ਯੋਜਨਾ 2022/23–2024/25 ਦਾ ਕਾਰਜਕਾਰੀ ਸੰਖੇਪ

2021/22 ਵਿੱਚ, ਬੀ ਸੀ ਦੇ ਮਨੁੱਖੀ ਅਧਿਕਾਰਾਂ ਦੇ ਕਮਿਸ਼ਨਰ ਦੇ ਦਫ਼ਤਰ (BCOHRC) ਨੇ ਸਾਡੇ ਸੰਗਠਨ ਨੂੰ ਵਧਾਉਣ, ਸਾਡੇ ਪ੍ਰਭਾਵ ਨੂੰ ਡੂੰਘਾ ਕਰਨ ਅਤੇ ਪੂਰੇ ਸੂਬੇ ਵਿੱਚ ਜੜ੍ਹਾਂ ਲਾਉਣ 'ਤੇ ਧਿਆਨ ਕੇਂਦਰਿਤ ਕੀਤਾ। ਨਾ-ਬਰਾਬਰੀ, ਵਿਤਕਰੇ ਅਤੇ ਬੇਇਨਸਾਫ਼ੀ ਤੋਂ ਮੁਕਤ ਸੂਬੇ ਦੇ ਆਪਣੇ ਦ੍ਰਿਸ਼ਟੀਕੋਣ ਨੂੰ ਪ੍ਰਾਪਤ ਕਰਨ ਲਈ ਜ਼ਰੂਰੀ ਵਿਹਾਰਕ ਅਤੇ ਪ੍ਰਣਾਲੀਗਤ ਤਬਦੀਲੀ ਵੱਲ ਕੰਮ ਕਰਦੇ ਹੋਏ ਅਸੀਂ ਮਨੁੱਖੀ ਅਧਿਕਾਰਾਂ ਦੇ ਕਾਨੂੰਨਾਂ, ਨੀਤੀਆਂ ਅਤੇ ਅਮਲਾਂ ਵਿੱਚ ਅਰਥਪੂਰਨ ਤਰੱਕੀ ਪ੍ਰਾਪਤ ਕਰਨ ਦੇ ਯੋਗ ਹੋਏ ਹਾਂ। ਅਸੀਂ 2021/22 ਵਿੱਚ ਜੋ ਕੁਝ ਕੀਤਾ, ਉਸ 'ਤੇ ਇੱਕ ਝਾਤ ਮਾਰਦੇ ਹਾਂ:

## ਮਹੱਤਵਪੂਰਨ ਉਦੇਸ਼ਾਂ ਦੀਆਂ ਝਲਕੀਆਂ

2021/22 BCOHRC ਦੀ ਮਹੱਤਵਪੂਰਨ ਉਦੇਸ਼ਾਂ ਦੀ ਪੰਜ ਸਾਲਾ **ਯੋਜਨਾ 2020/21-2024/25** ਦੇ ਤੀਜੇ ਸਾਲ ਦੀ ਨਿਸ਼ਾਨਦੇਹੀ ਕਰਦਾ ਹੈ, ਇਸ ਸਾਲ ਅਸੀਂ ਆਪਣੇ ਅੱਗੇ ਦਿੱਤੇ ਮਹੱਤਵਪੂਰਨ ਉਦੇਸ਼ਾਂ ਵਾਲੇ ਖੇਤਰਾਂ ਵਿੱਚ ਅਸਰ ਪਾਉਣ ਲਈ ਕੰਮ ਕਰ ਰਹੇ ਹਾਂ: ਬੀ.ਸੀ. ਦੇ *ਮਨੁੱਖੀ ਅਧਿਕਾਰ ਕੋਡ* ਅਧੀਨ ਵਿਤਕਰਾ, ਬਸਤੀਵਾਦ ਦੇ ਅਸਰ ਵਿਚੋਂ ਨਿਕਲਣਾ (decolonization), ਨਫ਼ਰਤ ਅਤੇ ਗੋਰੀ ਨਸਲ ਦੀ ਸਰਵਉੱਚਤਾ (white supremacy) ਦਾ ਉਭਾਰ, ਬੇਇਨਸਾਫ਼ੀ ਅਤੇ ਨਾ-ਬਰਾਬਰੀ ਦੇ ਕਾਰਨ ਅਤੇ ਨਤੀਜੇ ਵਜੋਂ ਗਰੀਬੀ ਅਤੇ ਦੇਸ਼ ਦੁਆਰਾ ਨਜ਼ਰਬੰਦ ਕੀਤੇ ਗਏ ਲੋਕਾਂ ਲਈ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ। ਇਹਨਾਂ ਤਰਜੀਹੀ ਖੇਤਰਾਂ ਵਿੱਚ ਸਾਡੇ ਕੰਮ ਦੀਆਂ ਝਲਕੀਆਂ ਵਿੱਚ ਸ਼ਾਮਲ ਹਨ:

### ਬੀ.ਸੀ. ਦੇ *ਮਨੁੱਖੀ ਅਧਿਕਾਰ ਕੋਡ* ਅਧੀਨ ਵਿਤਕਰਾ

BCOHRC ਦੀ ਹੋਂਦ ਦਾ ਇੱਕ ਮੁੱਖ ਕਾਰਨ ਇਹ ਯਕੀਨੀ ਬਣਾਉਣਾ ਹੈ ਕਿ ਬੀ.ਸੀ. ਦੇ ਮਨੁੱਖੀ ਅਧਿਕਾਰ ਕੋਡ ਦੁਆਰਾ ਗਾਰੰਟੀਸ਼ੁਦਾ ਅਧਿਕਾਰ ਸੁਰੱਖਿਅਤ ਹਨ ਅਤੇ ਉਨ੍ਹਾਂ ਦਾ ਖਿਆਲ ਰੱਖਿਆ ਜਾਂਦਾ ਹੈ। 2021/22 ਵਿੱਚ ਅਸੀਂ BCOHRC ਨਾਲ ਫ਼ੋਨ ਜਾਂ ਈਮੇਲ ਰਾਹੀਂ ਸੰਪਰਕ ਕਰਨ ਵਾਲੇ ਜਨਤਾ ਦੇ 20,000 ਤੋਂ ਵੱਧ ਮੈਂਬਰਾਂ ਨੂੰ ਸਿੱਧੀ ਜਾਣਕਾਰੀ ਅਤੇ ਰੈਫ਼ਰਲ ਪ੍ਰਦਾਨ ਕੀਤੇ ਹਨ; ਇਹ 2020/21 ਤੋਂ 10 ਗੁਣਾ ਵਾਧਾ ਹੈ। ਅਸੀਂ 45 ਵਿਸ਼ੇਸ਼ ਪ੍ਰੋਗਰਾਮ ਐਪਲੀਕੇਸ਼ਨਾਂ ਦਾ ਪ੍ਰਬੰਧ ਕੀਤਾ (ਪੰਨਾ 14 ਦੇਖੋ), 450 ਤੋਂ ਵੱਧ ਲੋਕਾਂ ਨੂੰ ਕੋਡ ਬਾਰੇ ਵਰਕਸ਼ਾਪਾਂ ਦੀ ਇੱਕ ਨਵੀਂ ਲੜੀ ਡਿਲਿਵਰ ਕੀਤੀ (ਪੰਨਾ 55 ਦੇਖੋ) ਅਤੇ ਬੀ.ਸੀ. ਦੇ ਇਤਿਹਾਸ ਵਿੱਚ ਪੁਲੀਸ ਦੇ ਕੰਮ ਅਤੇ ਗ੍ਰਿਫ਼ਤਾਰੀਆਂ ਬਾਰੇ ਤੱਥਾਂ ਦਾ ਸਭ ਤੋਂ ਵਿਆਪਕ ਵਿਸ਼ਲੇਸ਼ਣ ਇਕੱਠਾ ਕੀਤਾ (ਪੰਨਾ 17 ਦੇਖੋ).

## ਬਸਤੀਵਾਦ ਦੇ ਅਸਰ ਵਿਚੋਂ ਨਿਕਲਣਾ (decolonization)

ਸਾਡਾ ਦਫ਼ਤਰ ਨੇਸ਼ਨਜ਼ ਦੇ ਸਵੈ-ਨਿਰਣੇ ਦਾ ਸਮਰਥਨ ਕਰਨ ਲਈ, ਅਤੇ ਜੀਵਨ ਦੇ ਸਾਰੇ ਪਹਿਲੂਆਂ ਵਿੱਚ ਇੰਡਿਜਨਸ ਲੋਕਾਂ ਦੀ ਪੂਰੀ, ਬਰਾਬਰ ਅਤੇ ਨਿਆਂਪੂਰਨ ਭਾਗੀਦਾਰੀ ਵਿੱਚ ਰੁਕਾਵਟ ਪਾਉਣ ਵਾਲੇ ਢਾਂਚੇ ਨੂੰ ਸੁਧਾਰਨ ਲਈ ਕੰਮ ਕਰਨ ਲਈ ਵਚਨਬੱਧ ਹੈ। 2021/22 ਵਿੱਚ ਅਸੀਂ ਬੀ.ਸੀ. ਦੀ ਮਨੁੱਖੀ ਅਧਿਕਾਰ ਪ੍ਰਣਾਲੀ ਵਿੱਚ ਇੱਕ ਮਹੱਤਵਪੂਰਨ ਸੁਧਾਰ ਦਾ ਜਸ਼ਨ ਮਨਾਇਆ ਜਦੋਂ ਬੀ.ਸੀ. ਦੇ ਮਨੁੱਖੀ ਅਧਿਕਾਰਾਂ ਦੇ ਕੋਡ ਵਿੱਚ ਇੰਡਿਜਨਸ ਪਛਾਣ ਇੱਕ ਸੁਰੱਖਿਅਤ ਆਧਾਰ ਵਜੋਂ ਸ਼ਾਮਲ ਕੀਤੀ ਗਈ (ਪੰਨਾ 26 ਦੇਖੋ)। ਸਾਨੂੰ 15 ਇੰਡਿਜਨਸ ਨੇਸ਼ਨਜ਼ ਅਤੇ ਹੋਰ ਬਹੁਤ ਸਾਰੀਆਂ ਪ੍ਰਤੀਨਿਧ ਸੰਸਥਾਵਾਂ ਨਾਲ ਸਬੰਧਾਂ ਨੂੰ ਡੂੰਘਾ ਕਰਨ ਦਾ ਮੌਕਾ ਮਿਲਿਆ। ਮਹਾਂਮਾਰੀ ਵਿੱਚ ਨਫ਼ਰਤ ਬਾਰੇ ਆਪਣੀ ਜਾਂਚ ਵਿੱਚ ਅਸੀਂ ਆਪਣੀ 'ਐਲਡਰਜ਼ ਗੈਦਰਿੰਗ' ਰਾਹੀਂ ਇੰਡਿਜਨਸ ਬਜ਼ੁਰਗਾਂ ਤੋਂ ਸਿੱਧਾ ਸੁਣਿਆ ਅਤੇ ਫਸਟ ਨੇਸ਼ਨਜ਼ ਐਜੂਕੇਸ਼ਨ ਸਟੀਅਰਿੰਗ ਕਮੇਟੀ ਵਿਖੇ 200 ਤੋਂ ਵੱਧ ਹਾਜ਼ਰ ਲੋਕਾਂ ਨਾਲ ਇੰਡਿਜਨਸ-ਵਿਰੋਧੀ ਨਸਲਵਾਦ ਬਾਰੇ ਗੱਲ ਕੀਤੀ। (ਪੰਨਾ 53 ਦੇਖੋ)।

## ਨਫ਼ਰਤ ਅਤੇ ਗੋਰੀ ਨਸਲ ਦੀ ਸਰਵਉੱਚਤਾ (white supremacy) ਦਾ ਉਭਾਰ

ਮਹਾਂਮਾਰੀ ਦੌਰਾਨ ਨਫ਼ਰਤ ਦੀਆਂ ਘਟਨਾਵਾਂ ਵਿੱਚ ਵਾਧਾ ਹੋਣ ਦੇ ਨਾਲ, ਸਾਡੇ ਭਾਈਚਾਰਿਆਂ ਵਿੱਚ ਨਫ਼ਰਤ ਨੂੰ ਖ਼ਤਮ ਕਰਨ ਲਈ ਸਾਡਾ ਕੰਮ ਪਹਿਲਾਂ ਦੇ ਕਿਸੇ ਵੀ ਸਮੇਂ ਨਾਲੋਂ ਵੱਧ ਅਹਿਮ ਹੋ ਗਿਆ। 2021/22 ਵਿੱਚ ਅਸੀਂ ਆਪਣੇ ਭਾਈਚਾਰਿਆਂ ਵਿੱਚ ਨਫ਼ਰਤ ਦੇ ਤਜਰਬਿਆਂ ਅਤੇ ਹੱਲਾਂ ਦੀ ਜਾਂਚ ਲਈ ਮਹਾਂਮਾਰੀ ਵਿੱਚ ਨਫ਼ਰਤ ਦੀ ਜਾਂਚ ਸ਼ੁਰੂ ਕੀਤੀ ਜੋ ਦੁਨੀਆਂ ਵਿੱਚ ਆਪਣੀ ਕਿਸਮ ਦੀ ਇੱਕੋ ਇੱਕ ਸੁਤੰਤਰ ਜਾਂਚ ਹੈ (ਪੰਨਾ 32 ਦੇਖੋ)। ਅਸੀਂ ਹੇਟ ਸਪੀਚ ਬਾਰੇ ਸਵਾਲਾਂ ਅਤੇ ਜਵਾਬਾਂ ਦਾ ਇਕ ਮਹੱਤਵਪੂਰਨ ਵਸੀਲਾ ਵੀ ਤਿਆਰ ਅਤੇ ਲਾਂਚ ਕੀਤਾ (ਪੰਨਾ 56 ਦੇਖੋ) ਅਤੇ ਪ੍ਰਾਂਤ ਵਿੱਚ ਕਦੇ ਵੀ ਨਫ਼ਰਤ ਨੂੰ ਸਵੀਕਾਰ ਨਾ ਕਰੋ (Never Accept Hate) ਨਾਂ ਦੀ ਮੁਹਿੰਮ ਨੂੰ ਸ਼ੁਰੂ ਕਰਨ ਲਈ ਬੀ ਸੀ ਦੇ ਬ੍ਰੌਡਕਾਸਟਰਾਂ ਦੀ ਐਸੋਸੀਏਸ਼ਨ ਨਾਲ ਸਾਂਝੇਦਾਰੀ ਕੀਤੀ ਹੈ (ਪੰਨਾ 28 ਦੇਖੋ)।

## ਬੇਇਨਸਾਫ਼ੀ ਅਤੇ ਨਾ-ਬਰਾਬਰੀ ਦੇ ਕਾਰਨ ਅਤੇ ਨਤੀਜੇ ਵਜੋਂ ਗਰੀਬੀ

BCOHRC ਆਰਥਿਕ ਅਧਿਕਾਰਾਂ ਲਈ ਕਾਰਗਰ ਅਤੇ ਅਰਥਪੂਰਨ ਘਰੇਲੂ ਸੁਰੱਖਿਆ ਲਈ ਕੰਮ ਕਰਨ, ਗਰੀਬੀ ਨੂੰ ਮਨੁੱਖੀ ਅਧਿਕਾਰਾਂ ਦੇ ਮੁੱਦੇ ਵਜੋਂ ਸ਼ਾਮਲ ਕਰਨ ਅਤੇ ਗਰੀਬੀ ਵਿੱਚ ਰਹਿ ਰਹੇ ਲੋਕਾਂ ਨਾਲ ਵਿਤਕਰੇ ਨੂੰ ਖਤਮ ਕਰਨ ਲਈ ਵਚਨਬੱਧ ਹੈ। 2021/22 ਵਿੱਚ, ਅਸੀਂ ਬੀ.ਸੀ. ਦੇ *ਮਨੁੱਖੀ ਅਧਿਕਾਰ ਕੋਡ* (ਪੰਨਾ 34 ਦੇਖੋ) ਵਿੱਚ ਸਮਾਜਿਕ ਸਥਿਤੀ ਨੂੰ ਇੱਕ ਸੁਰੱਖਿਅਤ ਆਧਾਰ ਵਜੋਂ ਸ਼ਾਮਲ ਕਰਨ ਲਈ ਆਪਣਾ ਕੰਮ ਜਾਰੀ ਰੱਖਿਆ, ਔਰਤਾਂ ਦੇ ਰੁਜ਼ਗਾਰ ਅਧਿਕਾਰਾਂ 'ਤੇ ਮਹੱਤਵਪੂਰਨ ਅਸਰ ਪਾ ਸਕਣ ਵਾਲੇ ਪਰਿਵਾਰਕ ਸਥਿਤੀ ਦੇ ਵਿਤਕਰੇ ਬਾਰੇ ਇੱਕ ਮੁੱਖ ਕੇਸ ਵਿੱਚ ਬੀਸੀ ਸੁਪਰੀਮ ਕੋਰਟ ਦੇ ਸਾਹਮਣੇ ਦਖਲ ਦਿੱਤਾ ਅਤੇ ਬੀ.ਸੀ. ਭਰ ਦੇ ਕਾਮਿਆਂ ਲਈ ਬੀਮਾਰੀ ਲਈ ਤਨਖਾਹ ਸਮੇਤ 10 ਦਿਨਾਂ ਦੀਆਂ ਛੁੱਟੀਆਂ ਨੂੰ ਸੁਰੱਖਿਅਤ ਕਰਨ ਲਈ ਗੱਠਜੋੜ ਦੇ ਕੰਮ ਵਿੱਚ ਹਿੱਸਾ ਲਿਆ। (ਪੰਨਾ 34 ਦੇਖੋ)।

## ਸੂਬੇ ਦੁਆਰਾ ਨਜ਼ਰਬੰਦ ਕੀਤੇ ਗਏ ਲੋਕਾਂ ਲਈ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ

BCOHRC ਦਾ ਮੰਨਣਾ ਹੈ ਕਿ ਜੇ ਸਾਨੂੰ ਪੁਲਿਸ ਦੁਆਰਾ, ਸੁਧਾਰ ਕੇਂਦਰਾਂ ਵਿੱਚ, ਕਮਿਊਨਿਟੀ ਨਿਗਰਾਨੀ ਹੇਠ ਜਾਂ ਮਾਨਸਿਕ ਸਿਹਤ ਪ੍ਰਣਾਲੀਆਂ ਵਿੱਚ ਨਜ਼ਰਬੰਦ ਕੀਤਾ ਜਾਂਦਾ ਹੈ ਤਾਂ ਸਾਨੂੰ ਸਾਰਿਆਂ ਨੂੰ ਗੈਰ-ਕਾਨੂੰਨੀ ਨਜ਼ਰਬੰਦੀ, ਸੱਤਾ ਦੀ ਦੁਰਵਰਤੋਂ ਅਤੇ ਅਨੁਚਿਤ ਵਿਵਹਾਰ ਤੋਂ ਮੁਕਤ ਹੋਣ ਦਾ ਅਧਿਕਾਰ ਹੈ। 2021/22 ਵਿੱਚ, BCOHRC ਨੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਸੰਬੰਧੀ

ਦੇਖਭਾਲ ਲਈ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਸਦਮਾ ਨਾ ਪਹੁੰਚਾਉਣ ਵਾਲੀਆਂ ਪਹੁੰਚਾਂ (trauma informed approaches) (ਪੰਨਾ 40 ਦੇਖੋ) ਲਈ ਜ਼ੋਰ ਦਿੱਤਾ, ਬੀ. ਸੀ. ਦੀਆਂ ਜੇਲ੍ਹਾਂ (ਕੁਰੈਕਸ਼ਨਲ ਫੈਸਿਲਟੀਜ਼) ਵਿੱਚ ਨਜ਼ਰਬੰਦੀ ਦੀਆਂ ਸਥਿਤੀਆਂ ਵਿੱਚ ਸੁਧਾਰਾਂ ਦੀ ਵਕਾਲਤ ਕੀਤੀ ਅਤੇ ਬੀ. ਸੀ. ਦੀਆਂ ਜੇਲ੍ਹਾਂ ਵਿੱਚ ਇਮੀਗ੍ਰੇਸ਼ਨ ਨਜ਼ਰਬੰਦੀ ਦੇ ਅੰਤ ਲਈ ਕੰਮ ਕੀਤਾ (ਪੰਨਾ 45 ਦੇਖੋ)।

## ਇੱਕ ਮਜ਼ਬੂਤ ਅਤੇ ਟਿਕਾਊ ਸੰਗਠਨ ਬਣਾਉਣਾ

ਸਿਰਫ਼ 2019 ਵਿੱਚ ਸਥਾਪਿਤ ਕੀਤੇ ਗਏ ਇੱਕ ਦਫ਼ਤਰ ਦੇ ਰੂਪ ਵਿੱਚ, ਸਾਡੀ ਛੇਵੀਂ ਤਰਜੀਹ ਆਪਣੇ ਦਫਤਰ ਨੂੰ ਇੱਕ ਸਿਹਤਮੰਦ ਅਤੇ ਵੰਨ-ਸੁਵੰਨਤਾ ਵਾਲੀ ਕੰਮ ਦੀ ਥਾਂ ਬਣਾਉਣਾ ਅਤੇ ਕਾਇਮ ਰੱਖਣਾ ਹੈ। 2021/22 ਵਿੱਚ, ਅਸੀਂ 25 ਲੋਕਾਂ ਨੂੰ ਨੌਕਰੀ 'ਤੇ ਰੱਖਿਆ (ਪੰਨਾ 46 ਦੇਖੋ), ), ਇੱਕ ਅੰਦਰੂਨੀ ਸਿੱਖਿਆ ਪ੍ਰੋਗਰਾਮ ਤਿਆਰ ਕੀਤਾ, ਸਾਰੇ ਸਟਾਫ ਨੂੰ ਇੰਡਿਜਨਸ ਸੱਭਿਆਚਾਰਕ ਸੁਰੱਖਿਆ ਸਿਖਲਾਈ ਦਿੱਤੀ ਅਤੇ ਖ੍ਰੀਦਦਾਰੀ ਦੇ ਕਾਇਮ ਰਹਿਣ ਯੋਗ ਅਮਲਾਂ 'ਤੇ ਸਾਈਮਨ ਫਰੇਜ਼ਰ ਯੂਨੀਵਰਸਿਟੀ ਨਾਲ ਮਿਲ ਕੇ ਕੰਮ ਕੀਤਾ ਤਾਂ ਜੋ ਅਸੀਂ ਸਾਡੇ ਵਲੋਂ ਸੰਸਥਾ ਲਈ ਵਰਤੀਆਂ ਅਤੇ ਖਰੀਦੀਆਂ ਗਈਆਂ ਚੀਜ਼ਾਂ ਦੇ ਮਨੁੱਖੀ ਅਧਿਕਾਰਾਂ 'ਤੇ ਪੈਣ ਵਾਲੇ ਅਸਰਾਂ ਨੂੰ ਸਮਝ ਸਕੀਏ।

# ਸਾਡੇ 2021/22 ਦੇ ਅਸਰ ਦੀਆਂ ਝਲਕੀਆਂ

ਆਪਣੇ ਕੰਮ ਦੇ ਅਸਰ ਅਤੇ ਸਾਰੇ ਬੀ.ਸੀ. ਵਿੱਚ ਮਨੁੱਖੀ ਅਧਿਕਾਰਾਂ ਲਈ ਇਸ ਦੇ ਨਤੀਜਿਆਂ ਨੂੰ ਮਾਪਣ ਲਈ, BCOHRC ਨੇ ਪੰਜ ਧਾਰਣਾਵਾਂ 'ਤੇ ਕੇਂਦਰਿਤ ਇੱਕ ਮੁਲਾਂਕਣ ਅਤੇ ਅਸਰ ਦਾ ਫਰੇਮਵਰਕ ਤਿਆਰ ਕੀਤਾ ਹੈ:

- ਆਦਰਪੂਰਣ ਅਤੇ ਜਵਾਬਦੇਹ ਰਿਸ਼ਤੇ ਬਣਾਉਣਾ
- ਪਹੁੰਚਯੋਗ ਅਤੇ ਢੁੱਕਵੀਂ ਜਨਤਕ ਸਿੱਖਿਆ ਸਮੱਗਰੀ ਬਣਾਉਣਾ
- ਮਨੁੱਖੀ ਅਧਿਕਾਰਾਂ ਦੇ ਪ੍ਰਣਾਲੀਗਤ ਮੁੱਦਿਆਂ ਨੂੰ ਸੁਧਾਰਨ ਲਈ ਫੈਸਲਾ ਕਰਨ ਵਾਲਿਆਂ ਨੂੰ ਸਿਫ਼ਾਰਸ਼ਾਂ ਪ੍ਰਦਾਨ ਕਰਨਾ
- ਕੇਸ ਲਾਅ ਨੂੰ ਪ੍ਰਭਾਵਿਤ ਕਰਨ ਲਈ ਕਾਨੂੰਨੀ ਦਲੀਲਾਂ ਦਾ ਵਿਕਾਸ ਕਰਨਾ
- ਮਨੁੱਖੀ ਅਧਿਕਾਰਾਂ-ਅਧਾਰਿਤ ਨੀਤੀਆਂ, ਅਮਲਾਂ ਅਤੇ ਸੱਭਿਆਚਾਰ ਦਾ ਨਿਰਮਾਣ ਕਰਨਾ

ਹੇਠਾਂ ਦਿੱਤੇ ਹਰੇਕ ਭਾਗ ਵਿੱਚ ਤੁਸੀਂ ਉਸ ਕੰਮ ਦੇ ਕੁਝ ਮੁੱਖ ਭਾਗਾਂ ਤੋਂ ਝਲਕੀਆਂ ਦੇਖ ਸਕਦੇ ਹੋ ਜੋ 2021/22 ਦੇ ਸਾਡੇ ਅਸਰ ਬਾਰੇ ਦਸਦੀਆਂ ਹਨ ਹਨ।

## ਆਦਰਪੂਰਣ ਅਤੇ ਜਵਾਬਦੇਹ ਰਿਸ਼ਤੇ ਬਣਾਉਣਾ

ਭਰੋਸਾ ਬਣਾਉਣ ਲਈ, ਸਾਡੇ ਲਈ ਜਵਾਬਦੇਹੀ ਦਿਖਾਉਣਾ ਜ਼ਰੂਰੀ ਹੈ। 2021/22 ਵਿੱਚ, BCOHRC ਨੇ 20.000 ਤੋਂ ਵੱਧ ਲੋਕਾਂ ਨੂੰ ਜਾਣਕਾਰੀ ਅਤੇ ਰੈਫਰਲ ਪ੍ਰਦਾਨ ਕੀਤੇ, 'ਨੋ ਰੌਂਗ ਡੋਰ' ('No Wrong Door') ਪ੍ਰੋਜੈਕਟ (ਪੰਨਾ 50 ਦੇਖੋ) ਰਾਹੀਂ ਬੀ.ਸੀ. ਦੀ ਮਨੁੱਖੀ ਅਧਿਕਾਰ ਪ੍ਰਣਾਲੀ ਤੱਕ ਪਹੁੰਚ ਨੂੰ ਬਿਹਤਰ ਬਣਾਉਣ ਲਈ ਆਪਣਾ ਕੰਮ ਜਾਰੀ ਰੱਖਿਆ, ਅਤੇ ਪੂਰੇ ਸੂਬੇ ਵਿੱਚ ਮਹੱਤਵਪੂਰਨ ਭਾਈਚਾਰਕ ਅਤੇ ਇੰਡਿਜਨਸ ਸ਼ਮੂਲੀਅਤ ਦਾ ਕੰਮ ਕੀਤਾ। (ਪੰਨਾ 53 ਦੇਖੋ)।

## ਪਹੁੰਚਯੋਗ ਅਤੇ ਢੁੱਕਵੀਂ ਜਨਤਕ ਸਿੱਖਿਆ ਸਮੱਗਰੀ ਬਣਾਉਣਾ

ਸਤਾਰਾਂ ਸਾਲਾਂ ਤੋਂ, ਬੀ.ਸੀ. ਵਿੱਚ ਮਨੁੱਖੀ ਅਧਿਕਾਰ ਕਮਿਸ਼ਨ ਦੀ ਅਣਹੋਂਦ ਦਾ ਮਤਲਬ ਹੈ ਕਿ ਬੀ.ਸੀ. *ਮਨੁੱਖੀ ਅਧਿਕਾਰ ਕੋਡ* ਬਾਰੇ ਬੁਨਿਆਦੀ ਜਨਤਕ ਸਿੱਖਿਆ ਦੀ ਇੱਕ ਮਹੱਤਵਪੂਰਨ ਅਪੂਰਣ ਲੋੜ ਸੀ। 2021/22 ਵਿੱਚ, BCOHRC ਨੇ ਕੋਵਿਡ-19 ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨਾਲ ਸੰਬੰਧਿਤ ਨੀਤੀਆਂ ਬਾਰੇ ਸੇਧ ਤੋਂ ਲੈ ਕੇ ਪ੍ਰਣਾਲੀਗਤ ਨਸਲਵਾਦ ਬਾਰੇ ਇਕ ਫੈਸੀਲੀਟੇਟਰ ਗਾਈਡ ਤੱਕ ਵੱਖ ਵੱਖ ਵਿਸ਼ਿਆਂ ਬਾਰੇ 16 ਨਵੇਂ ਵਿਦਿਅਕ ਸਾਧਨ ਲਾਂਚ ਕੀਤੇ। ਸਾਡੀ 'ਇੰਟ੍ਰੋ ਟੂ ਹਿਊਮਨ ਰਾਈਟਸ' ਵੀਡੀਓ ਨੂੰ ਹੁਣ ਤੱਕ 21.000 ਤੋਂ ਵੱਧ ਵਾਰ ਦੇਖਿਆ ਜਾ ਚੁੱਕਾ ਹੈ, ਅਤੇ *ਕੋਡ* ਬਾਰੇ ਸਾਡੀ ਨਵੀਂ ਵਰਕਸ਼ਾਪ ਵਿੱਚ ਹੁਣ ਤੱਕ 450 ਤੋਂ ਵੱਧ ਲੋਕਾਂ ਨੇ ਭਾਗ ਲਿਆ ਹੈ (ਪੰਨਾ 55 ਦੇਖੋ)। **ਬ੍ਰੈਂਡਨ ਯਾਨ**, **ਡੈਨੀ ਰਮਾਦਾਨ** ਅਤੇ **ਐਂਥਨੀ ਬਰਾਊਨ** ਦੀਆਂ ਹਾਰਦਿਕ ਅਤੇ ਦਿਲ ਨੂੰ ਟੁੰਬਣ ਵਾਲੀਆਂ ਕਹਾਣੀਆਂ ਲਾਂਚ ਕਰਕੇ ਸਾਡੀ "ਆਈ ਲਵ ਮਾਈ ਹਿਊਮਨ ਰਾਈਟਸ" ਨਾਂ ਦੀ ਵੀਡੀਓਜ਼ ਦੀ ਲੜੀ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਦੇ ਰੋਜ਼ਾਨਾ ਜੀਵਨ ਨਾਲ ਸੰਬੰਧਿਤ ਮਨੁੱਖੀ ਅਧਿਕਾਰਾਂ ਦੀਆਂ ਅਸਾਧਾਰਨ ਕਹਾਣੀਆਂ ਨੂੰ ਘੋਖਣਾ ਜਾਰੀ ਰੱਖ ਰਹੀ ਹੈ। (ਪੰਨਾ 57 ਦੇਖੋ)।

## ਮਨੁੱਖੀ ਅਧਿਕਾਰਾਂ ਦੇ ਪ੍ਰਣਾਲੀਗਤ ਮੁੱਦਿਆਂ ਨੂੰ ਸੁਧਾਰਨ ਲਈ ਸਿਫ਼ਾਰਸ਼ਾਂ ਕਰਨਾ

ਵਿਧਾਨ ਸਭਾ ਦੇ ਇੱਕ ਸੁਤੰਤਰ ਅਧਿਕਾਰੀ ਵਜੋਂ, ਬੀ.ਸੀ. ਦਾ ਮਨੁੱਖੀ ਅਧਿਕਾਰ ਕਮਿਸ਼ਨਰ ਚੁਣੇ ਹੋਏ ਅਧਿਕਾਰੀਆਂ ਅਤੇ ਸਰਕਾਰੀ ਨੇਤਾਵਾਂ ਦੇ ਨਾਲ-ਨਾਲ ਕੰਮ-ਮਾਲਕਾਂ, ਮਕਾਨ ਮਾਲਕਾਂ ਅਤੇ ਹੋਰ ਖੇਤਰਾਂ ਵਿੱਚ ਸੇਵਾ ਦੇਣ ਵਾਲਿਆਂ ਨੂੰ ਉਨ੍ਹਾਂ ਤਰੀਕਿਆਂ ਬਾਰੇ ਸੇਧ ਅਤੇ ਸਿਫ਼ਾਰਸ਼ਾਂ ਪ੍ਰਦਾਨ ਕਰਦਾ ਹੈ ਜਿਹਨਾਂ ਤਰੀਕਿਆਂ ਨਾਲ ਇਹਨਾਂ ਪ੍ਰਣਾਲੀਆਂ ਵਿੱਚ ਹਾਸ਼ੀਆਗ੍ਰਸਤ ਭਾਈਚਾਰਿਆਂ ਦੇ ਵਿਰੁੱਧ ਨੁਕਸਾਨ ਅਤੇ ਵਿਤਕਰੇ ਦਾ ਖਾਤਮਾ ਯਕੀਨੀ ਬਣ ਸਕੇ। 2020 ਤੋਂ, BCOHRC ਬੀ.ਸੀ. ਪ੍ਰਾਂਤ ਨੂੰ ਵੱਖਰਾ ਡਾਟਾ ਇਕੱਠਾ ਕਰਨ ਲਈ ਕਾਨੂੰਨ ਬਣਾਉਣ ਵਾਸਤੇ ਕਹਿ ਰਿਹਾ ਹੈ। 2022 ਵਿੱਚ, ਇਹ ਟੀਚਾ *ਨਸਲਵਾਦ ਵਿਰੋਧੀ ਡੇਟਾ ਐਕਟ* (ਪੰਨਾ 61 ਦੇਖੋ) ਦੇ ਪਾਸ ਹੋਣ ਨਾਲ ਪੂਰਾ ਹੋ ਗਿਆ। ਕੋਵਿਡ-19 ਮਹਾਂਮਾਰੀ ਦੇ ਜਵਾਬ ਵਿੱਚ ਮਨੁੱਖੀ ਅਧਿਕਾਰਾਂ ਬਾਰੇ ਸੇਧ ਪ੍ਰਦਾਨ ਕਰਨ ਲਈ ਮਹੱਤਵਪੂਰਨ ਸਾਧਨ ਸਮਰਪਿਤ ਕੀਤੇ ਜਾਂਦੇ ਰਹੇ, ਜਿਸ ਵਿੱਚ ਵੈਕਸੀਨ ਲੱਗੇ ਹੋਣ ਦੀਆਂ ਸ਼ਰਤਾ ਦੇ ਸਬੂਤ ਅਤੇ ਬੀ.ਸੀ. ਦੇ ਮਾਸਕ ਆਦੇਸ਼ ਦੇ ਅੰਤ ਸੰਬੰਧੀ ਸਾਧਨਾਂ ਦਾ ਵਿਕਾਸ ਸ਼ਾਮਲ ਹੈ (ਪੰਨਾ 63 ਦੇਖੋ)।

## ਕੇਸ ਲਾਅ ਨੂੰ ਪ੍ਰਭਾਵਿਤ ਕਰਨ ਲਈ ਕਾਨੂੰਨੀ ਦਲੀਲਾਂ ਦਾ ਵਿਕਾਸ ਕਰਨਾ

BCOHRC ਦਾ ਉਦੇਸ਼ ਆਪਣੀਆਂ ਵਿਧਾਨਕ ਸ਼ਕਤੀਆਂ ਦੀ ਵਰਤੋਂ ਕਰਦਿਆਂ ਜਨਤਕ ਕਾਨੂੰਨੀ ਜਾਂਚਾਂ ਕਰਕੇ ਅਤੇ ਬੀ. ਸੀ. ਵਿੱਚ ਮਨੁੱਖੀ ਅਧਿਕਾਰਾਂ 'ਤੇ ਅਸਰ ਪਾ ਸਕਣ ਵਾਲੇ ਅਦਾਲਤੀ ਮਾਮਲਿਆਂ ਵਿੱਚ ਦਖਲ ਦੇ ਕੇ ਮਨੁੱਖੀ ਅਧਿਕਾਰਾਂ ਦੇ ਕਾਨੂੰਨਾਂ ਅਤੇ ਪ੍ਰਣਾਲੀਆਂ ਵਿੱਚ ਸੁਧਾਰ ਕਰਨਾ ਹੈ। ਇਸ ਦਾ ਮਤਲਬ ਹੈ ਕਿ ਦਫਤਰ ਅਦਾਲਤ ਜਾਂ ਕੇਸ ਦੀ ਸੁਣਵਾਈ ਕਰ ਰਹੇ ਟ੍ਰਿਬਿਊਨਲ ਦੀ ਪ੍ਰਣਾਲੀਗਤ ਵਿਤਕਰੇ ਅਤੇ ਕਾਨੂੰਨੀ ਅਸੂਲਾਂ ਨਾਲ ਸੰਬੰਧਿਤ ਉਨ੍ਹਾਂ ਮਾਮਲਿਆਂ ਨੂੰ ਸਮਝਣ ਵਿੱਚ ਮਦਦ ਕਰਨ ਲਈ ਕੇਸਾਂ ਵਿੱਚ ਹਿੱਸਾ ਲੈ ਸਕਦਾ ਹੈ ਜਿਹੜੇ ਮਾਮਲੇ ਸ਼ਿਕਾਇਤਕਰਤਾ ਜਾਂ ਜਵਾਬ ਦੇਣ ਵਾਲੀਆਂ ਧਿਰਾਂ ਵਲੋਂ ਨਾ ਉਠਾਏ ਜਾ ਸਕਦੇ ਹੋਣ । 2021/22 ਵਿੱਚ, BCOHRC ਨੇ ਦੋ ਅਦਾਲਤੀ ਮਾਮਲਿਆਂ ਵਿੱਚ ਦਖਲ ਦਿੱਤਾ: *ਜਿਬਰਾਲਟਰ ਮਾਈਨਜ਼ ਬਨਾਮ ਹਾਰਵੀ* ਅਤੇ *ਨਿਊਫੈਲਡ ਬਨਾਮ ਚਿਲੀਵੈਕ ਟੀਚਰਜ਼ ਐਸੋਸੀਏਸ਼ਨ* ਦੀ *ਤਰਫ਼ੋਂ ਬ੍ਰਿਟਿਸ਼ ਕੋਲੰਬੀਆ ਟੀਚਰਜ਼ ਫੈਡਰੇਸ਼ਨ (BCTF)* (ਪੰਨਾ 64 ਦੇਖੋ)।

## ਮਨੁੱਖੀ ਅਧਿਕਾਰਾਂ-ਅਧਾਰਿਤ ਨੀਤੀਆਂ, ਅਮਲਾਂ ਅਤੇ ਸੱਭਿਆਚਾਰ ਦਾ ਨਿਰਮਾਣ ਕਰਨਾ

ਆਪਣੇ ਸਾਰੇ ਅਪ੍ਰੇਸ਼ਨਾਂ ਵਿੱਚ, ਅਸੀਂ ਆਪਣੀਆਂ ਨੀਤੀਆਂ (ਅਸੀਂ ਕੀ ਕਹਿੰਦੇ ਹਾਂ), ਅਮਲਾਂ (ਅਸੀਂ ਕੀ ਕਰਦੇ ਹਾਂ) ਅਤੇ ਸੱਭਿਆਚਾਰ (ਅਸੀਂ ਕੌਣ ਹਾਂ) ਵਿੱਚ ਮਨੁੱਖੀ ਅਧਿਕਾਰਾਂ ਦੀਆਂ ਕਦਰਾਂ-ਕੀਮਤਾਂ ਅਤੇ ਸਾਡੇ ਸੇਧ ਦੇਣ ਵਾਲੇ ਅਸੂਲਾਂ ਨੂੰ ਸਾਕਾਰ ਕਰਨ ਦੀ ਕੋਸ਼ਿਸ਼ ਕਰਦੇ ਹਾਂ। 2021/22 ਵਿੱਚ, ਅਸੀਂ ਇੱਕ ਲਚਕਦਾਰ ਕੰਮ ਨੀਤੀ ਅਤੇ ਇੱਕ ਵਿਸ਼ੇਸ਼ ਸਲਾਹ ਨੀਤੀ (ਪੰਨਾ 67 ਦੇਖੋ) ਰਾਹੀਂ ਮਨੁੱਖੀ ਅਧਿਕਾਰਾਂ ਦੇ ਅਸੂਲਾਂ ਨੂੰ ਆਪਣੀ ਸੰਸਥਾ ਦੀਆਂ ਨੀਤੀਆਂ ਵਿੱਚ  ਹੋਰ ਸ਼ਾਮਲ ਕਰਨ ਲਈ ਕੰਮ ਕੀਤਾ। ਅਸੀਂ ਇਹਨਾਂ ਸੁਝਾਂ ਨੂੰ ਆਪਣੀ ਰਣਨੀਤਕ ਯੋਜਨਾ ਪ੍ਰਕਿਰਿਆ ਵਿੱਚ ਸ਼ਾਮਲ ਕਰਦੇ ਹੋਏ, ਆਪਣੀ ਕੰਮ ਦੀ ਥਾਂ ਦੇ ਵਾਤਾਵਰਣ ਦੇ ਸਰਵੇਖਣ ਦੁਆਰਾ ਲੀਡਰਸ਼ਿਪ ਦੀ ਜਵਾਬਦੇਹੀ, ਸੰਗਠਨਾਤਮਕ ਵਿਕਾਸ ਅਤੇ ਕਰਮਚਾਰੀਆਂ ਦੀ ਸ਼ਮੂਲੀਅਤ ਦਾ ਸਮਰਥਨ ਕਰਨ ਦੀ ਕੋਸ਼ਿਸ਼ ਵੀ ਕੀਤੀ।

## ਅੱਗੇ ਵੱਧਦਿਆਂ: 2022/23–2024/25 ਸੇਵਾ ਦੇਣ ਦੀ ਯੋਜਨਾ

ਸਾਡੀ ਸੇਵਾ ਦੇਣ ਦੀ ਯੋਜਨਾ (2022/23–2024/25) ਸਾਡੇ ਮਹੱਤਵਪੂਰਨ ਉਦੇਸ਼ਾਂ ਅਤੇ ਮੁੱਲਾਂਕਣ ਅਤੇ ਅਸਰ ਦੇ ਫਰੇਮਵਰਕ ਚੋਂ  ਨਿਕਲਦੀ  ਹੈ। ਇਹ ਉਦੇਸ਼ਾਂ, ਕਾਰਜਕੁਸ਼ਲਤਾ ਦੇ ਮੁੱਖ ਸੂਚਕਾਂ ਅਤੇ ਉਨ੍ਹਾਂ ਗਤੀਵਿਧੀਆਂ ਦੇ ਇੱਕ ਨਮੂਨੇ ਦੀ ਰੂਪ ਰੇਖਾ ਦਿੰਦਾ ਹੈ ਜੋ ਅਸੀਂ ਦਫਤਰ ਦੇ ਆਦੇਸ਼ ਨੂੰ ਪੂਰਾ ਕਰਨ ਅਤੇ ਭਵਿੱਖ ਦੇ ਟੀਚਿਆਂ ਨੂੰ ਨਿਰਧਾਰਤ ਕਰਨ ਲਈ ਇੱਕ ਮੁੱਢਲਾ ਆਧਾਰ (ਬੇਸਲਾਈਨ) ਸਥਾਪਤ ਕਰਨ ਲਈ ਤਿੰਨ ਸਾਲਾਂ ਦੀ ਮਿਆਦ ਵਿੱਚ ਕਰਨ ਦੀ ਕਲਪਨਾ ਕਰਦੇ ਹਾਂ।

ਸੇਵਾ ਯੋਜਨਾ ਦੀ ਮਿਆਦ ਵਿੱਚ ਸਾਡੀਆਂ ਕੁਝ ਗਤੀਵਿਧੀਆਂ ਵਿੱਚ ਸ਼ਾਮਲ ਹਨ ਆਪਣੇ ਪ੍ਰਾਂਤ ਦੇ ਬਾਰਾਂ ਭਾਈਚਾਰਿਆਂ ਵਿੱਚ ਬੇਸਲਾਈਨ ਪ੍ਰੋਜੈਕਟ ਨੂੰ ਸ਼ੁਰੂ ਕਰਨਾ, ਅਪਾਹਜ ਲੋਕਾਂ ਦੇ ਅਧਿਕਾਰਾਂ 'ਤੇ ਕੇਂਦਰਿਤ ਸੂਬਾਈ ਜਨਤਕ ਜਾਗਰੂਕਤਾ ਮੁਹਿੰਮ ਚਲਾਉਣਾ, ਕੰਮ-ਮਾਲਕਾਂ  ਲਈ ਰੁਜ਼ਗਾਰ ਬਰਾਬਰੀ ਦੇ ਸਭ ਤੋਂ ਵਧੀਆ ਅਮਲਾਂ ਬਾਰੇ ਸਾਧਨਾਂ ਦੀ ਇੱਕ ਟੂਲਕਿੱਟ ਤਿਆਰ ਕਰਨਾ, ਅਤੇ ਸਾਰੇ ਲੋਕਾਂ ਲਈ ਸਾਡੇ ਕੰਮ ਤੱਕ ਪਹੁੰਚ ਨੂੰ ਬਿਹਤਰ ਬਣਾਉਣ ਲਈ ਸਾਡੀ ਮੌਜੂਦਾ ਸਮੱਗਰੀ ਦੀ ਪਹੁੰਚਯੋਗਤਾ ਦਾ ਲੇਖਾ-ਜੋਖਾ ਕਰਵਾਉਣਾ। ਸਾਡੇ ਅੱਗੇ ਦੇ ਕੰਮ ਵਿੱਚ **ਮਹਾਂਮਾਰੀ ਵਿੱਚ ਨਫ਼ਰਤ ਦੀ ਜਾਂਚ ਤੋਂ ਨਿਕਲੀਆਂ ਸਿਫ਼ਾਰਸ਼ਾਂ ਨੂੰ ਜਾਰੀ ਕਰਨਾ**, ਪੁਲੀਸ ਐਕਟ ਵਿੱਚ ਸੁਧਾਰ ਕਰਨ ਲਈ ਬਣੀ ਵਿਸ਼ੇਸ਼ ਕਮੇਟੀ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਦੇ ਅਮਲ ਦੀ ਨਿਗਰਾਨੀ ਕਰਕੇ **ਪੁਲੀਸ ਦੇ ਕੰਮ ਵਿੱਚ ਮਨੁੱਖੀ ਅਧਿਕਾਰਾਂ** ਬਾਰੇ ਕੰਮ ਨੂੰ ਜਾਰੀ ਰੱਖਣਾ ਅਤੇ ਕਈ ਕੁੱਝ ਹੋਰ ਕਰਨਾ ਸ਼ਾਮਲ ਹੈ। (ਪੰਨਾ 69 ਦੇਖੋ)।

## ਬਜਟ ਅਤੇ ਖਰਚੇ 2021/22

2021/22 ਵਿੱਚ BCOHRC ਨੇ ਆਪਣੇ $6.815 ਮਿਲੀਅਨ ਦੇ ਓਪਰੇਟਿੰਗ ਬਜਟ ਵਿੱਚੋਂ $6.490 ਮਿਲੀਅਨ ਖਰਚ ਕੀਤੇ ਅਤੇ ਆਪਣੇ $35.000 ਦੇ ਕੈਪੀਟਲ ਬਜਟ (ਸਾਜ਼-ਸਾਮਾਨ ਆਦਿ ਲੈਣ ਦੇ ਬਜਟ) ਨੂੰ ਪੂਰੀ ਤਰ੍ਹਾਂ ਖਰਚ ਕੀਤਾ (ਪੰਨਾ 76 ਦੇਖੋ)।  ਅੱਗੇ ਵਧਦੇ ਹੋਏ, ਸਾਡੀ ਸੇਵਾ ਯੋਜਨਾ ਦੀ ਮਿਆਦ ਵਿੱਚ, 2022/23 ਲਈ ਸਾਡੇ ਲਈ $6.809 ਮਿਲੀਅਨ ਦੇ ਓਪਰੇਟਿੰਗ ਬਜਟ ਨੂੰ ਮਨਜ਼ੂਰੀ ਦਿੱਤੀ ਗਈ ਹੈ, ਅਤੇ ਵਿੱਤ ਅਤੇ ਸਰਕਾਰੀ ਸੇਵਾਵਾਂ ਬਾਰੇ ਚੁਣੀ ਗਈ ਸਟੈਂਡਿਗ ਕਮੇਟੀ ਵਿਧਾਨ ਸਭਾ ਨੂੰ ਸਿਫ਼ਾਰਸ਼ ਕਰਦੀ ਹੈ ਕਿ 2023–24 ਵਿੱਚ ਮਨੁੱਖੀ ਅਧਿਕਾਰ ਕਮਿਸ਼ਨਰ ਦੇ ਦਫ਼ਤਰ ਦੇ ਓਪਰੇਟਿੰਗ ਖਰਚਿਆਂ ਲਈ $6.826 ਮਿਲੀਅਨ ਰੱਖੇ ਜਾਣੇ ਚਾਹੀਦੇ ਹਨ; ਅਤੇ 2024–25 ਵਿੱਚ $6.839 ਮਿਲੀਅਨ ਅਤੇ ਪ੍ਰਤੀ ਸਾਲ $35 ਹਜ਼ਾਰ ਦਾ ਕੈਪੀਟਲ ਬਜਟ ਹੋਣਾ ਚਾਹੀਦਾ ਹੈ।